# ਵਾਹਿ ਪ੍ਰਗਟਿਉ ਮਰਦ ਅਗਮੜਾ ਵਰਿਆਮ ਅਕੇਲਾ
# ਵਾਹਿ ਵਾਹਿ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਪਿਆਰੇ ਖਾਲਸਾ ਜੀ: *ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥*

ਸਦੀਆਂ ਤੌ ਵੈਸਾਖੀ ਦਾ ਤਿਉਹਾਰ ਪੰਜਾਬ ਵਿਚ ਮੋਸਮੀ ਤਿਉਹਾਰ ਕਰ ਕੇ ਮਨਾਇਆ ਜਾਂਦਾ ਰਿਹਾ ਹੈ। ਵੈਸਾਖੀ ਦੇ ਮੋਕੇ ਤੇ ਲੋਕ ਨਚਦੇ ਤੇ ਢੋਲ ਵਜਾ ਕੇ ਭੰਗਰੇ ਪਾਉਂਦੇ ਹਨ।

ਪਰੰਤੂ ਸਿੱਖ ਇਤਹਾਸ ਵਿੱਚ ਇਹ ਦਿਨ ਖਾਸ ਮਹੱਤਤਾ ਰੱਖਦਾ ਹੈ। ਇਸ ਦਿਨ ੧੩ ਅਪ੍ਰੈਲ ੧੬੯੯ ਈਸਵੀ ਨੂੰ ਗੁਰੁ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾਂ ਕੀਤੀ। ਸਿੱਖਾਂ ਦੇ ਅੰਦਰ ਛੁਪੀ ਹੋਈ ਬਹਾਦੁਰੀ ਨੂੰ ਟੁੰਬ ਕੇ ਜਗਾਇਆ। ਉਸ ਸਮੇ ਤੌ ਹੋ ਰਹੇ ਰਾਜਸੀ ਅਤਿਆਚਾਰ ਕਰਨ ਵਾਲਿਆਂ ਨੂੰ ਤੇ ਹਮਲਾਵਰਾਂ ਨੰ ਲਲਕਾਰਿਆ।

ਸਾਧ ਸੰਗਤ ਜੀ, ਉਸ ਦਿਨ ਗੁਰੁ ਗੋਬਿਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਭਰੇ ਦੀਵਾਨ ਵਿਚ ਨੰਗੀ ਤਲਵਾਰ ਚੁੱਕ ਕੇ ਪੰਜ ਸਿੰਘਾ ਦੇ ਸਿਰਾਂ ਦੀ ਮੰਗ ਕੀਤੀ। ਮੰਗ ਪੂਰੀ ਕਰਦੇ ਹੋਏ ਵਾਰੋ ਵਾਰੀ ਪੰਜਾਂ ਸਿੰਘਾ ਨੇ ਅਪਣੇ ਸਿਰ ਗੁਰੂ ਜੀ ਦੀ ਤਲਵਾਰ ਅੱਗੇ ਭੇਟ ਕੀਤੇ।ਪੰਜਾਂ ਪਿਆਰਿਆ ਦੀ ਚੋਣ ਕਰ ਲੈਣ ਮਗਰੂੰ ਕਲਗੀਧਰ ਦਸ਼ਮੇਸ਼ ਜੀ ਨੇ ਲੋਹੇ ਦੇ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਇਨਾ ਪੰਜਾਂ ਨੂੰ ਛਕਾਇਆ, ਫਿਰ ਆਪ ਉਨਾਂ ਤੌ ਅਮ੍ਰਿਤ ਛਕਿਆ ਤੇ ਗੋਬਿੰਦ ਰਾਇ ਤੋ ਗੁਰੂ ਗੋਬਿੰਦ ਸਿੰਘ ਸੱਜੇ।ਗੁਰੂ ਜੀ ਨੇ ਉਦਾਹਰਨ ਦਿੱਤੀ, “ਵਾਹਿ ਵਾਹਿ ਗੋਬਿੰਦ ਸਿੰਘ ਆਪੇ ਗੁਰ ਚੇਲਾ”॥

ਗੁਰੁ ਜੀ ਨੇ ਜਦ ਪੰਜਾਂ ਪਿਆਰਿਆਂ ਨੂੰ ਸਿੰਘ ਸਜਾਇਆ, ਅਮ੍ਰਿਤ ਛਕਣ ਦੇ ਨਾਲ ਉਨਾਂ ਨੇ ਸਿੰਘਾ ਨੂੰ ਮਰਿਆਦਾ ਵਿਚ ਬਨ੍ਹਿਆ।ਗੁਰੂ ਜੀ ਨੇ ਕਿਹਾ “ਰਹਿਤ ਪਿਆਰੀ ਮੁਝ ਕੌ ਸਿੱਖ ਪਿਆਰਾ ਨਾਂਹੀ” ਗੁਰੁ ਜੀ ਨੇ ਸਭ ਨੂੰ ਕਿਹਾ ਕਿ ਉਹ ਰਹਿਤ ਦੀ ਪਾਲਨਾ ਕਰਨ।ਉਸ ਦਿਨ ਗੁਰੂ ਜੀ ਨੇ ਅਮ੍ਰਿਤ ਦੇ ਨਾਲ ਮਰਿਆਦਾ ਦਾ ਚਲਨ ਪੈਦਾ ਕੀਤਾ।ਗੁਰੂ ਜੀ ਨੇ ਪੰਜ ਕਕਾਰ ਵੀ ਦਿੱਤੇ: ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਿਹਰਾ।ਉਨਾਂ ਨੇ ਬੰਦਿਆ ਨੂੰ ਸਿੰਘਾ ਦਾ ਨਾਂ ਦੇ ਕੇ ਸ਼ੇਰ ਦਾ ਦਰਜਾ ਦਿਤਾ ਤੇ ਔਰਤਾਂ ਨੂੰ ਕੌਰ ਦਾ ਨਾਂ ਦੇ ਕੇ ਰਾਜਕੁਮਾਰੀ ਦਾ ਦਰਜਾ ਦਿਤਾ। ਗੁਰੂ ਜੀ ਨੇ ਸਿੰਘ ਅਤੇ ਕੌਰ ਦਾ ਨਾਂ ਦੇ ਕੇ ਮੁਰਦਾ ਪਈ ਕੌਮ ਦੇ ਵਿਚ ਜਾਂਨ ਫੂਕ ਦਿਤੀ।

ਆਪ ਜੀ ਨੇ ਕਿਹਾ ਇਹ ਮੇਰੇ ਪੰਜ ਪਿਆਰੇ ਹੁਣ ਸਿੰਘ ਸਜ ਗਏ ਹਨ, ਇਨਾ ਵਿਚ ਤੇ ਮੇਰੇ ਵਿੱਚ ਕੋਈ ਫਰਕ ਨਹੀ ਰਿਹਾ।ਅਜ ਤੌ ਇਨਾ ਦੇ ਨਾਂ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿਮੱਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਹੌਣ ਗੇ। ਅੱਜ ਤੌ ਇਨਾ ਦੀ ਪੁਰਾਣੀ ਜਾਤ ਪਾਤ ਖਤਮ ਹੋਈ ਤੇ ਇਨਾ ਦੀ ਨਵੀਂ ਜਾਤ ਖਾਲਸਾ ਹੋਵੇ ਗੀ।

ਸਾਰੀ ਸ਼ੰਗਤ ਨੂੰ ਸੰਬੋਧਨ ਕਰਦੇ ਹੋਏ ਗੁਰੂ ਜੀ ਨੇ ਆਖਿਆ, ਖਾਲਸੇ ਨੇ ਕਮਜ਼ੋਰ ਤੇ ਦੁਖੀਆਂ ਦੀ ਬਾਂਹ ਫੜਨੀ ਹੈ। ਕਿਸੇ ਤੋਂ ਡਰਨਾ ਨਹੀ, ਨਾਂਹੀਂ ਡਰਾਉਣਾ ਹੈ।

ਸਾਧ ਸੰਗਤ ਜੀ, ਗੁਰੂ ਜੀ ਨੇ ਕਿਹਾ "ਸੂਰਾ ਸੋ ਪਹਿਚਾਨੀਏ ਜੌ ਲੜੇ ਦੀਨ ਕੇ ਹੇਤ, ਪੁਰਜ਼ਾ ਪੁਰਜ਼ਾ ਕਟਿ ਮਰੇ ਕਬਹੂੰ ਨ ਛਾਡੇ ਖੇਤੁ"। ਇਕ ਅਕਾਲਪੁਰਖ ਤੌ ਬਿਨਾ ਕਿਸੇ ਹੋਰ ਦੇਵੀ ਦੇਵਤੇ ਨੂੰ ਨਹੀਂ ਮਨਣਾ, ਨਾਹੀ ਕਿਸੇ ਮੜੀ ਮੱਠ ਤੇ ਜਾਂਣਾ ਹੈ। ਗੁਰੂ ਜੀ ਨੇ ਇਹ ਸ਼ਬਦ ਉਚਾਰਣ ਕੀਤਾ "ਪੂਰਨ ਪ੍ਰੇਮ ਪ੍ਰਤੀਤ ਸਜੇ, ਬ੍ਰਤ ਗੋਰ ਮੜ੍ਹੀ ਮੱਠ ਭੂਲ ਨ ਮਾਨੇ"।

ਇਤਿਹਾਸ ਗਵਾ ਹੈ, **ਅੰਮ੍ਰਿਤ** ਛਕਣ ਨਾਲ ਖਾਲਸੇ ਵਿੱਚ ਕੈਰਾਂ ਦੀ ਦਲੇਰੀ ਆ ਗਈ, ਉਨਾ ਨੇ ਲੜਾਈ ਵਿੱਚ ਦੁਸ਼ਮਣਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਦੁਬਾਰਾ ਪੰਜਾਬ ਵੱਲ਼ ਮੂੰਹ ਨ ਕਰ ਸਕਣ।ਅੰਤ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸ੍ਰਬਜੋਤ ਖਾਲਸੇ ਵਿੱਚ ਮਿਲਾ ਦਿੱਤੀ ਤੇ ਆਖਿਆ "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇ ਹਉਂ ਕਰਉਂ ਨਿਵਾਸ"।

ਸਾਧ ਸੰਗਤ ਜੀ, ਅੱਜ ਗੁਰੂ ਦਾ ਸਿੱਖ ਜਿੱਥੇ ਕਿਤੇ ਵੀ ਹੈ, ਅਪਣੇ ਗਰੂ ਦੇ ਦੱਸੇ ਹੋਏ ਮਾਰਗ ਤੇ ਚਲ ਕੇ ਆਪਣਾ ਜਨਮ ਸਫਲ ਕਰ ਰਿਹਾ ਹੈ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

By: Manpreet Kaur